ਵਿਸ਼ਾ - ਪੰਜਾਬੀ | ਕਹਾਣੀ - ਭਾਗ | ਜਮਾਤ - ਨੌਵੀਂ

# 3. ਬਸ਼ੀਰਾ

## ਕਹਾਣੀਕਾਰ - ਨਵਤੇਜ ਸਿੰਘ

### •••ਸਾਰ •••

ਬਸ਼ੀਰਾ ਤੇ ਕਹਾਣੀਕਾਰ ਇੱਕ ਦੂਜੇ ਦੇ ਚੰਗੇ ਬੇਲੀ ਸਨ। ਉਹ ਇੱਕ ਦੂਜੇ ਦੀ ਮਦਦ ਕਰਦੇ ਸਨ। ਕਹਾਣੀਕਾਰ ਪੜ੍ਹਾਈ ਵਿੱਚ ਹੁਸ਼ਿਆਰ ਹੋਣ ਕਰਕੇ ਪੜ੍ਹਾਈ ਵਿੱਚ ਬਸ਼ੀਰੇ ਦੀ ਮਦਦ ਕਰਦਾ ਅਤੇ ਬਸ਼ੀਰਾ ਸਰੀਰਕ ਪੱਖੋਂ ਤਾਕਤਵਰ ਹੋਣ ਕਰਕੇ ਕਹਾਣੀਕਾਰ ਦੀ ਲੜਾਈ-ਝਗੜੇ ਵਿੱਚ ਸਹਾਇਤਾ ਕਰਦਾ ਸੀ। ਸਕੂਲ ਦੇ ਕੁਝ ਲੜਕੇ ਉਹਨਾਂ ਦੀ ਯਾਰੀ ਤੋਂ ਬਹੁਤ ਸੜਦੇ ਸਨ। ਕਹਾਣੀਕਾਰ ਦੀ ਸਹਾਇਤਾ ਨਾਲ਼ ਬਸ਼ੀਰੇ ਦੀ ਪੜ੍ਹਾਈ ਵਿੱਚ ਸੁਧਾਰ ਹੋ ਗਿਆ ਅਤੇ ਬਸ਼ੀਰੇ ਤੋਂ ਕਹਾਣੀਕਾਰ ਨੇ ਥੋੜ੍ਹੀ ਖੇਡ-ਕਲਾ ਵੀ ਸਿੱਖ ਲਈ। ਬਸ਼ੀਰੇ ਦੀ ਫ਼ੁੱਟਬਾਲ ਦੀ ਕਿੱਕ ਬਹੁਤ ਮਸ਼ਹੂਰ ਸੀ।

ਕਹਾਣੀਕਾਰ ਦੇ ਜਨਮ-ਦਿਨ ਉੱਤੇ ਉਨ੍ਹਾਂ ਦੇ ਸ਼ਹਿਰ ਦੇ ਰਿਸ਼ਤੇਦਾਰ ਮੁੰਡੇ-ਕੁੜੀਆਂ ਆਉਂਦੇ ਸਨ। ਉਹ ਸੋਹਣੇ ਕੱਪੜੇ ਪਹਿਨ ਕੇ ਆਉਂਦੇ ਅਤੇ ਕਹਾਣੀਕਾਰ ਲਈ ਕਈ ਸੋਹਣੀਆਂ-ਸੋਹਣੀਆਂ ਸੁਗਾਤਾਂ ਲੈ ਕੇ ਆਉਂਦੇ। ਸੋਹਣੀਆਂ ਕੁੜੀਆਂ ਅੱਗੇ ਬਸ਼ੀਰਾ ਸ਼ਰਮਾਉਂਦਾ ਹੋਇਆ ਇਕ ਨੁੱਕਰੇ ਬੈਠਾ ਰਹਿੰਦਾ। ਲੇਖਕ ਨੂੰ ਇੱਕ ਕਾਂਤੀ ਨਾਂ ਦੀ ਕੁੜੀ ਬਹੁਤ ਚੰਗੀ ਲੱਗਦੀ, ਕਿਉਂਕਿ ਉਹ ਬਸ਼ੀਰੇ ਨਾਲ਼ ਆਪਣੀ ਅਮੀਰੀ ਨੂੰ ਪਾਸੇ ਰੱਖ ਕੇ ਗੱਲ ਕਰਦੀ ਅਤੇ ਉਸ ਨੇ ਕਹਾਣੀਕਾਰ ਲਈ ਲਿਆਂਦੀਆਂ ਸੁਗਾਤਾਂ ਵਿਚੋਂ ਇੱਕ ਜਰਸੀ ਬਸ਼ੀਰੇ ਨੂੰ ਵੀ ਦਿੱਤੀ ਸੀ। ਕਹਾਣੀਕਾਰ ਨੇ ਵੀ ਇੱਕ ਵਾਰ ਬਸ਼ੀਰੇ ਨੂੰ ਆਪਣੇ ਜਨਮ-ਦਿਨ 'ਤੇ ਵਧੀਆ ਫ਼ੁੱਟਬਾਲ ਦਿੱਤਾ ਸੀ, ਜੋ ਉਸ ਇਕੱਲੇ ਦਾ ਆਪਣਾ ਸੀ।

ਉਹ ਦੋਵੇਂ ਮਿੱਤਰ ਇਕੱਠੇ ਬੈਠ ਕੇ ਆਪਣੀ ਕਲਪਨਾ ਰਾਹੀਂ ਕਾਲਜ ਵਿਚ ਪੜ੍ਹਨ ਬਾਰੇ ਸੋਚਦੇ। ਕਹਾਣੀਕਾਰ ਸੋਚਦਾ ਸੀ ਕਿ ਬਸ਼ੀਰਾ ਯੂਨੀਵਰਸਿਟੀ ਦੀ ਟੀਮ ਵਿਚ ਚੁਣਿਆ ਜਾਵੇਗਾ। ਬਸ਼ੀਰਾ ਸੋਚਦਾ ਸੀ ਕਿ ਕਹਾਣੀਕਾਰ ਬਹੁਤ ਸਾਰੀਆਂ ਕਿਤਾਬਾਂ ਲਿਖੇਗਾ, ਜਿਸ ਵਿੱਚ ਉਹ ਆਪਣੇ ਦੋਸਤ ਦਾ ਹਾਲ਼ ਵੀ ਲਿਖੇਗਾ। ਉਹ ਕਲਪਨਾ ਵਿੱਚ ਹੀ ਵਿਦੇਸਾਂ ਦੀ ਸੈਰ ਕਰਦੇ ਅਤੇ ਕਹਾਣੀਕਾਰ ਤੇ ਕਾਂਤੀ ਦੇ ਵਿਆਹ ਬਾਰੇ ਵੀ ਸੋਚਦੇ।

ਇਕ ਵਾਰ ਬਸ਼ੀਰਾ ਕੁਝ ਦਿਨ ਸਕੂਲ ਨਾ ਆਇਆ, ਤਾਂ ਕਹਾਣੀਕਾਰ ਫ਼ਿਕਰਮੰਦ ਹੋ ਕੇ ਤਿੰਨ ਕੋਹ ਦੂਰ ਉਹਨਾਂ ਦੇ ਪਿੰਡ ਪਤਾ ਕਰਨ ਗਿਆ। ਉਸਦੇ ਪਿੰਡ ਪਹੁੰਚ ਕੇ ਉਸ ਨੇ ਪਿੰਡ ਦੇ ਬਾਹਰਵਾਰ ਬਸ਼ੀਰੇ ਨੂੰ ਮੱਝ ਚਰਾਉਂਦਾ ਵੇਖ ਲਿਆ। ਕਹਾਣੀਕਾਰ ਦੇ ਪੁੱਛਣ ਤੇ ਬਸ਼ੀਰੇ ਨੇ ਦੱਸਿਆ ਕਿ ਉਸਦੇ ਬਾਪ ਨੇ ਮੱਝ ਖ਼ਰੀਦ ਲਈ ਹੈ। ਕਹਾਣੀਕਾਰ ਇਸ ਗੱਲ ਨੂੰ ਸਮਝ ਨਾ ਪਾਇਆ, ਕਿਉਂਕਿ ਉਸਦੇ ਅਨੁਸਾਰ ਮੱਝ ਦਾ ਸੰਬੰਧ ਦੁੱਧ ਅਤੇ ਲੱਸੀ ਪੀਣ ਨਾਲ਼ ਸੀ, ਪਰ ਬਸ਼ੀਰੇ ਵਰਗੇ ਕਈਆਂ ਲਈ ਮੱਝ ਦਾ ਜੋੜ ਠੇਕੇਦਾਰ ਕੋਲ਼ ਸਾਰਾ ਦੁੱਧ ਵੇਚ ਕੇ ਘਰ ਦੇ ਗੁਜ਼ਾਰੇ ਨਾਲ਼ ਹੈ।

ਕਹਾਣੀਕਾਰ ਕਹਿੰਦਾ ਹੈ ਕਿ ਉਹ ਕਹਾਣੀ ਲਿਖਦਾ ਹੋਇਆ ਆਪਣੀਆਂ ਲਿਖਤਾਂ ਰਾਹੀਂ ਸੰਘਰਸ਼ ਦਾ ਰਾਹ ਅਪਣਾ ਕੇ ਬਸ਼ੀਰੇ ਵਰਗੇ ਉਹਨਾਂ ਲੋਕਾਂ ਦੀ ਜ਼ਿੰਦਗੀ ਬਾਰੇ ਸੰਗਰਾਮ ਕਰੇਗਾ, ਜਿਹਨਾਂ ਦੇ ਫ਼ੁੱਟਬਾਲ ਨੂੰ ਕਿੱਕ ਮਾਰਨ ਦੇ ਸੁਪਨੇ ਅਤੇ ਦੁੱਧ ਆਪ ਪੀਣ ਦੀਆਂ ਸਧਰਾਂ ਅਧੂਰੀਆਂ ਰਹਿ ਗਈਆਂ। ਹੁਣ ਉਹਨਾਂ ਦਾ ਹੱਕ ਕੋਈ ਨਹੀਂ ਖੋਹੇਗਾ।

### •••ਛੋਟੇ ਉੱਤਰ ਵਾਲ਼ੇ ਪ੍ਰਸ਼ਨ •••

**ਪ੍ਰਸ਼ਨ 1. 'ਬਸ਼ੀਰਾ' ਕਹਾਣੀ ਦੀ ਕਿਹੜੀ ਘਟਨਾ ਨੇ ਲੇਖਕ ਨੂੰ ਰੋਣ ਲਈ ਮਜਬੂਰ ਕਰ ਦਿੱਤਾ ?**

ਉੱਤਰ - ਇੱਕ ਵਾਰ ਖੇਡਦਿਆਂ-ਖੇਡਦਿਆਂ ਬਸ਼ੀਰੇ ਦੇ ਮੱਥੇ ਦੇ ਵਿਚਕਾਰ ਇੱਕ ਵੱਡਾ ਸਾਰਾ ਕਾਬਲੀ ਭੂੰਡ ਲੜ ਗਿਆ, ਤਾਂ ਉਸ ਦੇ ਨੱਕ ਵਿੱਚੋਂ ਲਹੂ ਦੀ ਤਤੀਰੀ ਫੁੱਟ ਪਈ। ਇਸ ਘਟਨਾ ਨੇ ਲੇਖਕ ਨੂੰ ਰੋਣ ਲਈ ਮਜਬੂਰ ਕਰ ਦਿੱਤਾ।

**ਪ੍ਰਸ਼ਨ 2. ਪੜ੍ਹਾਈ ਦੇ ਨਾਲ਼-ਨਾਲ਼ ਬਸ਼ੀਰਾ ਸਕੂਲ ਦੀਆਂ ਹੋਰ ਕਿਹੜੀਆਂ ਕਿਰਿਆਵਾਂ ਵਿੱਚ ਹਿੱਸਾ ਲੈਂਦਾ ਸੀ ?**

ਉੱਤਰ - ਬਸ਼ੀਰਾ ਪੜ੍ਹਾਈ ਤੋਂ ਇਲਾਵਾ ਸਕੂਲ ਦੀਆਂ ਖੇਡਾਂ ਵਿੱਚ ਹਿੱਸਾ ਲੈਂਦਾ ਸੀ। ਉਹ ਸਕੂਲ ਦੀ ਸਵੇਰ ਦੀ ਪ੍ਰਾਰਥਨਾ ਸਭਾ ਵਿਚ ਗਾਉਣ ਵਾਲਿਆਂ ਦੀ ਅਗਵਾਈ ਕਰਦਾ ਸੀ। ਫ਼ੁੱਟਬਾਲ ਵਿੱਚ ਬਸ਼ੀਰੇ ਦੀ ਕਿੱਕ ਬੜੀ ਮਸ਼ਹੂਰ ਸੀ। ਜਦੋਂ ਉਨ੍ਹਾਂ ਦਾ ਮੈਚ ਕਿਸੇ ਹੋਰ ਸਕੂਲ ਨਾਲ਼ ਹੋਣਾ ਹੁੰਦਾ, ਤਾਂ ਦੂਜੀ ਧਿਰ ਦੇ ਖਿਡਾਰੀ ਹਰਾਉਣ ਲਈ ਉਸ ਦੇ ਗੋਡੇ-ਗਿੱਟੇ ਭੰਨਣ ਨੂੰ ਤਿਆਰ ਰਹਿੰਦੇ, ਪਰ ਉਸਦੇ ਕਦੇ ਸੱਟ ਨਹੀਂ ਲੱਗੀ ਸੀ। ਉਸ ਦੀ ਫ਼ੁੱਟਬਾਲ ਦੀ ਖੇਡ ਨੂੰ ਹਰ ਪਾਸੇ ਸੁਲਾਹਿਆ ਜਾਂਦਾ ਸੀ।

**ਪ੍ਰਸ਼ਨ 3. ਫ਼ੁੱਟਬਾਲ ਖੇਡ ਰਹੇ ਬਸ਼ੀਰੇ ਨੂੰ ਦੇਖ ਕੇ ਲੇਖਕ ਕੀ ਮਹਿਸੂਸ ਕਰਦਾ ਹੈ ?**

ਉੱਤਰ - ਬਸ਼ੀਰੇ ਦੀ ਫ਼ੁੱਟਬਾਲ ਦੀ ਖੇਡ ਦੀ ਪ੍ਰਸੰਸਾ ਕਰਦੇ ਲੋਕਾਂ ਨੂੰ ਸੁਣ ਕੇ ਲੇਖਕ ਖ਼ੁਸ਼ੀ ਨਾਲ਼ ਮਹਿਸੂਸ ਕਰਦਾ ਕਿ ਲੋਕ ਕਹਾਣੀਕਾਰ ਦੀਆਂ ਤਰੀਫ਼ਾਂ ਹੀ ਕਰ ਰਹੇ ਹਨ। ਜਿਸ ਦਿਨ ਫ਼ੁੱਟਬਾਲ ਦਾ ਮੈਚ ਹੁੰਦਾ ਉਸ ਦਿਨ ਉਹ ਆਪਣੇ-ਆਪ ਵਿੱਚ ਮਿਉਂਦਾ ਨਹੀਂ ਸੀ।

**ਪ੍ਰਸ਼ਨ 4. ਲੇਖਕ ਦਾ ਜਨਮ-ਦਿਨ ਮਨਾਉਣ ਆਏ ਮੁੰਡੇ-ਕੁੜੀਆਂ ਵਿਚੋਂ ਲੇਖਕ ਨੂੰ ਕਾਂਤੀ ਨਾਂ ਦੀ ਕੁੜੀ ਕਿਉਂ ਚੰਗੀ ਲਗਦੀ ਹੈ ?**

ਉੱਤਰ - ਜਨਮ-ਦਿਨ ਮਨਾਉਣ ਆਏ ਮੁੰਡੇ-ਕੁੜੀਆਂ ਵਿੱਚੋਂ ਲੇਖਕ ਨੂੰ ਕਾਂਤੀ ਨਾਂ ਦੀ ਕੁੜੀ ਇਸ ਕਰਕੇ ਚੰਗੀ ਲਗਦੀ ਸੀ, ਕਿਉਂਕਿ ਉਹ ਬਸ਼ੀਰੇ ਨਾਲ਼ ਗੱਲ-ਬਾਤ ਕਰਦੀ ਸੀ, ਉਸ ਦੇ ਮੂੰਹ-ਮੱਥੇ ਉੱਤੇ ਅਮੀਰੀ ਦੇ ਕੋਈ ਵੱਟ ਨਹੀਂ ਸਨ ਅਤੇ ਉਸ ਨੇ ਲੇਖਕ ਲਈ ਲਿਆਂਦੀਆਂ ਸੁਗਾਤਾਂ ਵਿਚੋਂ ਇਕ ਰੰਗ-ਬਰੰਗੀ ਜਰਸੀ ਬਸ਼ੀਰੇ ਨੂੰ ਵੀ ਦਿੱਤੀ ਸੀ।

**ਪ੍ਰਸ਼ਨ 5. ਲੇਖਕ ਅਤੇ ਬਸ਼ੀਰਾ ਆਪਣੇ ਭਵਿੱਖ ਬਾਰੇ ਕਿਹੜੀਆਂ ਵਿਉਂਤਾਂ ਬਣਾਉਂਦੇ ਸਨ ?**

ਉੱਤਰ - ਲੇਖਕ ਤੇ ਬਸ਼ੀਰਾ ਆਪਣੇ ਭਵਿੱਖ ਲਈ ਵਿਉਂਤਾਂ ਬਣਾਉਂਦੇ ਹੋਏ ਕਈ ਥਾਂਵਾਂ ਅਤੇ ਸ਼ਹਿਰਾਂ ਵਿੱਚ ਘੁੰਮ ਚੁੱਕੇ ਸਨ। ਉਹ ਕਾਲਜ ਵਿਚ ਇਕੱਠੇ ਪੜ੍ਹਨ ਅਤੇ ਬਸ਼ੀਰੇ ਦੇ ਯੂਨੀਵਰਸਿਟੀ ਦੀ ਟੀਮ ਵਿੱਚ ਚੁਣੇ ਜਾਣ ਦੀਆਂ ਵਿਉਂਤਾਂ ਬਣਾਉਂਦੇ ਸਨ। ਬਸ਼ੀਰਾ ਕਹਾਣੀਕਾਰ ਬਾਰੇ ਕਹਿੰਦਾ ਕਿ ਉਹ ਬਹੁਤ ਸਾਰੀਆਂ ਕਿਤਾਬਾਂ ਲਿਖੇਗਾ ਅਤੇ ਬਹੁਤ ਸਾਰੇ ਲੋਕ ਉਸ ਦੀਆਂ ਕਿਤਾਬਾਂ ਪੜ੍ਹਿਆ ਕਰਨਗੇ। ਬਸ਼ੀਰਾ ਕਹਾਣੀਕਾਰ ਨੂੰ ਕਾਂਤੀ ਨਾਲ਼ ਉਸ ਦੇ ਵਿਆਹ ਦੀ ਗੱਲ ਕਰਕੇ ਛੇੜਦਾ ਸੀ।

**ਪ੍ਰਸ਼ਨ 6. "ਮੀਏਂ ਨੇ ਮੱਝ ਖ਼ਰੀਦ ਲਈ ਏ।" ਲੇਖਕ ਨੂੰ ਇਸ ਗੱਲ ਦੀ ਸਮਝ ਕਿਉਂ ਨਹੀਂ ਸੀ ਆ ਰਹੀ?**

ਉੱਤਰ - ਕਿਉਂਕਿ ਲੇਖਕ ਦੀ ਦੁਨੀਆ ਵਿੱਚ ਮੱਝ ਦਾ ਜੋੜ ਦੁੱਧ ਤੇ ਲੱਸੀ ਪੀਣ ਨਾਲ਼ ਹੀ ਸੀ। ਜਦੋਂਕਿ ਬਸ਼ੀਰੇ ਦੇ ਜੀਵਨ ਵਿੱਚ ਮੱਝ ਦਾ ਜੋੜ ਦੁੱਧ ਵੇਚ ਕੇ ਘਰ ਦੇ ਗੁਜ਼ਾਰੇ ਨਾਲ਼ ਸੀ। ਮੱਝ ਨੂੰ ਪਾਲਣ ਲਈ ਹੀ ਬਸ਼ੀਰੇ ਨੇ ਸਕੂਲ ਜਾਣਾ ਅਤੇ ਫ਼ੁੱਟਬਾਲ ਖੇਡਣਾ ਛੱਡ ਦਿੱਤਾ ਸੀ।

**ਪ੍ਰਸ਼ਨ 7. 'ਬਸ਼ੀਰਾ' ਕਹਾਣੀ ਦੇ ਅੰਤ ਵਿਚ ਲੇਖਕ, ਬਸ਼ੀਰੇ ਦੇ ਬਾਲ-ਮਨ ਦੀਆਂ ਉਡਾਰੀਆਂ ਨੂੰ ਪੂਰੀਆਂ ਕਰਨ ਲਈ ਕੀ ਕਲਪਨਾ ਕਰਦਾ ਹੈ ?**

ਉੱਤਰ - ਲੇਖਕ ਕਲਪਨਾ ਕਰਦਾ ਹੈ ਕਿ ਬੇਸ਼ੱਕ ਬਸ਼ੀਰੇ ਦੀਆਂ ਫ਼ੁੱਟਬਾਲ ਖੇਡਣ ਅਤੇ ਕਾਲਜ ਪੜ੍ਹਨ ਲੱਗ ਕੇ ਯੂਨੀਵਰਸਿਟੀ ਟੀਮ ਵਿੱਚ ਸ਼ਾਮਲ ਹੋਣ ਦੀਆਂ ਸਧਰਾਂ ਅਧੂਰੀਆਂ ਰਹਿ ਗਈਆਂ ਹਨ, ਪਰ ਉਹ ਆਪਣੀ ਕਲਮ ਰਾਹੀਂ ਉਸ ਦਾ ਹਾਲ਼ ਲਿਖੇਗਾ ਅਤੇ ਬਸ਼ੀਰੇ ਵਰਗੇ ਲੋਕਾਂ ਦੀ ਜ਼ਿੰਦਗੀ ਲਈ ਸੰਗਰਾਮ ਕਰੇਗਾ। ਜਿਸ ਨਾਲ਼ ਬਸ਼ੀਰੇ ਵਾਂਗ ਕਿਸੇ ਦੀਆਂ ਸਧਰਾਂ ਅਧੂਰੀਆਂ ਨਹੀਂ ਰਹਿਣਗੀਆਂ।

## •••ਵਸਤੂਨਿਸ਼ਠ ਪ੍ਰਸ਼ਨ •••

**ਪ੍ਰਸ਼ਨ 1. 'ਬਸ਼ੀਰਾ' ਕਹਾਣੀ ਦਾ ਲੇਖਕ ਕੌਣ ਹੈ ?**

ਉੱਤਰ - ਨਵਤੇਜ ਸਿੰਘ।

**ਪ੍ਰਸ਼ਨ 2. ਕੌਣ-ਕੌਣ ਚੰਗੇ ਬੇਲੀ ਸਨ ?**

ਉੱਤਰ - ਬਸ਼ੀਰਾ ਤੇ ਕਹਾਣੀਕਾਰ।

**ਪ੍ਰਸ਼ਨ 3. ਲੇਖਕ ਨੂੰ ਕਾਂਤੀ ਦਾ ਹਾਸਾ ਕਿਸ ਵਰਗਾ ਜਾਪਦਾ ਸੀ ?**

ਉੱਤਰ - ਬਾਸਮਤੀ ਦੀ ਮਹਿਕ ਵਰਗਾ।

**ਪ੍ਰਸ਼ਨ 4. ਕੌਣ ਚੰਗਾ ਗਾਉਂਦਾ ਸੀ ?**

ਉੱਤਰ - ਬਸ਼ੀਰਾ।

**ਪ੍ਰਸ਼ਨ 5. ਕਿਸ ਦੀ ਫ਼ੁੱਟਬਾਲ ਦੀ ਕਿੱਕ ਬਹੁਤ ਮਸ਼ਹੂਰ ਸੀ ?**

ਉੱਤਰ - ਬਸ਼ੀਰੇ ਦੀ। •

**ਪ੍ਰਸ਼ਨ 6. ਕਿਸ ਦਾ ਜਨਮ-ਦਿਨ ਮਨਾਇਆ ਜਾਂਦਾ ਸੀ ?**

ਉੱਤਰ - ਕਹਾਣੀਕਾਰ ਦਾ।

**ਪ੍ਰਸ਼ਨ 7. ਲੇਖਕ ਨੂੰ ਕਿਹੜੀ ਕੁੜੀ ਚੰਗੀ ਲੱਗਦੀ ਸੀ ?**

ਉੱਤਰ - ਕਾਂਤੀ।

**ਪ੍ਰਸ਼ਨ 8. ਕਾਂਤੀ ਨੇ ਬਸ਼ੀਰੇ ਨੂੰ ਕੀ ਦਿੱਤਾ ਸੀ ?**

ਉੱਤਰ - ਰੰਗ-ਬਰੰਗੀ ਜਰਸੀ।

**ਪ੍ਰਸ਼ਨ 9. ਕਹਾਣੀਕਾਰ ਨੇ ਆਪਣੇ ਜਨਮ-ਦਿਨ ਉੱਤੇ ਬਸ਼ੀਰੇ ਨੂੰ ਕੀ ਸੁਗਾਤ ਦਿੱਤੀ ?**

ਉੱਤਰ - ਇਕ ਫ਼ੁੱਟਬਾਲ।

**ਪ੍ਰਸ਼ਨ 10. ਬਸ਼ੀਰੇ ਨੇ ਸਕੂਲੇ ਆਉਣਾ ਕਿਉਂ ਛੱਡ ਦਿੱਤਾ ?**

ਉੱਤਰ - ਮੱਝ ਚਾਰਨ ਖ਼ਾਤਰ।

**ਪ੍ਰਸ਼ਨ 11. ਬਸ਼ੀਰੇ ਦੇ ਘਰ ਵਾਲ਼ੇ ਸਾਰਾ ਦੁੱਧ ਕਿਉਂ ਵੇਚ ਦਿੰਦੇ ਸਨ ?**

ਉੱਤਰ - ਘਰ ਦੇ ਗੁਜ਼ਾਰੇ ਲਈ।

**ਪ੍ਰਸ਼ਨ 12. ਲੇਖਕ ਲਈ ਮੱਝ ਦਾ ਜੋੜ ਕਿਸ ਚੀਜ਼ ਨਾਲ਼ ਸੀ ?**

ਉੱਤਰ - ਦੁੱਧ ਤੇ ਲੱਸੀ ਨਾਲ਼।

**ਪ੍ਰਸ਼ਨ 13. ਬਸ਼ੀਰੇ ਲਈ ਮੱਝ ਦਾ ਜੋੜ ਕਿਸ ਚੀਜ਼ ਨਾਲ਼ ਸੀ ?**

ਉੱਤਰ - ਘਰ ਦੇ ਗੁਜ਼ਾਰੇ ਨਾਲ਼।